ਪੰਜਾਬੀ ਯੂਨੀਵਰਸਿਟੀਪਟਿਆਲਾ ,

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ:. 3179 ਕਾਲਜ5-ਸ.ਜ/

ਮਿਤੀ 25-8-2026

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਦੇ
ਪ੍ਰਿੰਸੀਪਲ/ਡਾਇਰੈਕਟਰ ਸਾਹਿਬਾਨ ਨੂੰ
(ਬੀ.ਐਡ./ਲਾਅ ਅਤੇ ਹੋਰ ਅਜਿਹੇ ਕੋਰਸਾਂ ਨੂੰ ਛੱਡ ਕੇ ਜਿੰਨ੍ਹਾਂ ਦੇ ਦਾਖਲੇ ਜੁਆਇੰਟ ਐਂਟਰੈਂਸ ਟੈਸਟ ਰਾਹੀਂ ਪੰਜਾਬ ਸਰਕਾਰ/ਸੈਂਟਰਲ ਏਜੰਸੀਆਂ ਵੱਲੋਂ ਕਰਵਾਏ ਜਾਂਦੇ ਹਨ)।

ਵਿਸ਼ਾ : ਸੈਸ਼ਨ 2026-27 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਵਿਖੇ ਅੰਡਰ-ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ (ਭਾਗ ਪਹਿਲਾ) ਦੀ ਬਿਨ੍ਹਾਂ ਲੇਟ ਦਾਖਲਾ ਫੀਸ ਮਿਤੀ ਵਿੱਚ ਵਾਧੇ ਅਤੇ ਉਸ ਉਪਰੰਤ ਲੇਟ ਦਾਖਲਾ ਫੀਸ ਦਾ ਸ਼ਡਿਊਲ।

ਹਵਾਲਾ:- 1. ਪੱਤਰ ਨੰਬਰ 1976 ਕਾਲਜ-ਸ.ਜ/5 ਮਿਤੀ 23-07-2026
2.ਪੱਤਰ ਨੰ. 3054 ਕਾਲਜ-ਸ.ਜ/5 ਮਿਤੀ 14-08-2026

ਸ੍ਰੀਮਾਨ/ਸ੍ਰੀਮਤੀ ਜੀ,

ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਹੋਏ ਆਦੇਸ਼ਾਂ ਅਨੁਸਾਰ ਸੈਸ਼ਨ 2026-27 ਦੌਰਾਨ ਉਚੇਰੀ ਸਿੱਖਿਆ ਵਿਭਾਗ ਦੇ ਮੀਮੋ ਨੰਬਰ 1128 ਮਿਤੀ 14-08-2026 ਦੀ ਲੋਅ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਤ ਸਮੂਹ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਦੇ ਦਾਖਲਾ ਸ਼ਡਿਊਲ ਵਿੱਚ ਬਿਨਾ ਲੇਟ ਫੀਸ ਵਿੱਚ 17-8-2026 ਤੱਕ ਵਾਧਾ ਕੀਤਾ ਗਿਆ ਸੀ। ਉਚੇਰੀ ਸਿੱਖਿਆ ਵਿਭਾਗ ਵਲੋਂ ਮੁੜ ਮੀਮੋ ਨੰਬਰ 1082885/1133 ਮਿਤੀ 18-08-2026 ਦੀ ਲੋਅ ਵਿਚ ਯੂ.ਜੀ. / ਪੀ.ਜੀ. ਦੇ ਐਂਟਰੀ ਪੁਆਇੰਟ ਕੋਰਸਾਂ ਲਈ ਦਾਖਲੇ ਦੀ ਮਿਤੀ ਵਿਚ ਬਿਨਾਂ ਲੇਟ ਫੀਸ ਮਿਤੀ 31-08-2026 ਤੱਕ ਦਾ ਵਾਧਾ ਕੀਤਾ ਜਾਂਦਾ ਹੈ। ਦਾਖਲਿਆਂ ਦਾ ਸ਼ਡਿਊਲ ਨਿਮਨ ਲਿਖਤ ਅਨੁਸਾਰ ਹੈ :-

1. ਅੰਡਰ-ਗ੍ਰੈਜੂਏਟ ਕੋਰਸਾਂ (U.G.) ਦੇ ਐਂਟਰੀ ਪੁਆਇੰਟ ਭਾਗ-ਪਹਿਲਾ ਦੀਆਂ ਦਾਖਲਾ ਮਿਤੀਆਂ

| | | |
|---|---|---|
| i) | ਬਿਨ੍ਹਾਂ ਲੇਟ ਦਾਖਲਾ ਫੀਸ | 31.8.2026 ਤੱਕ |
| ii) | 01.09.2026 ਤੋਂ 07.09.2026 ਤੱਕ | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ |
| iii) | 8.09.2026 ਤੋਂ 14.09.2026 ਤੱਕ | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ |
| iv) | 15.09.2026 ਤੋਂ 22.09.2026 ਤੱਕ | 1500/-ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |
| v | 23.09.2026 ਤੋਂ 30.09.2026 ਤੱਕ | 2000/- ਰੁ.ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |

2. ਪੋਸਟ-ਗ੍ਰੈਜੂਏਟ ਕੋਰਸਾਂ (P.G.) ਦੇ ਐਂਟਰੀ ਪੁਆਇੰਟ ਭਾਗ-ਪਹਿਲਾ ਦੀਆਂ ਦਾਖਲਾ ਮਿਤੀਆਂ

| | | |
|---|---|---|
| i) | ਬਿਨ੍ਹਾਂ ਲੇਟ ਦਾਖਲਾ ਫੀਸ | 31.8.2026 ਤੱਕ |
| ii) | 01.09.2026 ਤੋਂ 07.09.2026 ਤੱਕ | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ |
| iii) | 8.09.2026 ਤੋਂ 14.09.2026 ਤੱਕ | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ |
| iv) | 15.09.2026 ਤੋਂ 22.09.2026 ਤੱਕ | 1500/-ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |
| v | 23.09.2026 ਤੋਂ 30.09.2026 ਤੱਕ | 2000/- ਰੁ.ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਯੀ.ਜੀ ਅਤੇ ਪੀ.ਜੀ. ਦੇ ਚਲਦੇ ਕੋਰਸਾਂ ਸਬੰਧੀ 2000/-ਰੁ: ਲੇਟ ਦਾਖਲਾ ਫੀਸ ਨਾਲ ਦਾਖਲਾ ਅੰਤਿਮ ਮਿਤੀ 30.09.2026 ਰਹੇਗੀ ਜੀ।

ਇੱਥੇ ਇਹ ਸਪੱਸ਼ਟ ਹੈ ਕਿ ਉਪਰੋਕਤ ਅਨੁਸਾਰ ਲੇਟ ਦਾਖਲ ਕੀਤੇ ਗਏ ਵਿਦਿਆਰਥੀਆਂ ਦੇ ਲੈਕਚਰ/ਹਾਜ਼ਰੀਆਂ ਪੂਰੀਆਂ ਕਰਵਾਉਣ ਦੀ ਜ਼ਿੰਮੇਵਾਰੀ ਸਬੰਧਤ ਕਾਲਜ ਦੀ ਹੋਵੇਗੀ।

ਉਪਰੋਕਤ ਤੋਂ ਇਲਾਵਾ ਬਾਕੀ ਹਦਾਇਤਾਂ ਸਮੂਹ ਸਬੰਧਤ ਕਾਲਜਾਂ ਨੂੰ ਪਹਿਲਾਂ ਜਾਰੀ ਸਰਕੂਲਰ ਨੰ:1310ਸ.1/ਕਾਲਜ ਮਿਤੀ 14.05.2026 ਦੇ ਨੁਕਤਾ ਨੰ: 20 ਅਨੁਸਾਰ ਹੀ ਰਹਿਣਗੀਆਂ।

25/08/2026

ਡੀਨ, ਕਾਲਜ ਵਿਕਾਸ ਕੌਂਸਲ